# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 pm**

**ਮਿਤੀ: 01-05-2025**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ - ਭਾਰਤ ਲਈ ਆਲਮੀ ਰਚਨਾਤਮਕਤਾ ਦੀ ਅਗਵਾਈ ਕਰਨ ਦਾ ਸਹੀ ਸਮਾਂ ਏ -ਉਨ੍ਹਾਂ ਮੁੰਬਈ ਵਿਖੇ, ਪਹਿਲੇ ਵਿਸ਼ਵ Audio Visual Entertainment ਸੰਮੇਲਨ (WAVES) ਦਾ ਉਦਘਾਟਨ ਕੀਤਾ।
- ਭਾਖੜਾ ਬਿਆਸ ਪ੍ਰਬੰਧਨ ਬੋਰਡ ਵਲੋਂ ਹਰਿਆਣਾ ਨੂੰ ਦਿੱਤੇ ਜਾਣ ਵਾਲੇ ਪਾਣੀ ਦੇ ਮੁੱਦੇ ਨੂੰ ਲੈਕੇ, ਪੰਜਾਬ ਸਰਕਾਰ ਦੇ ਵੱਖ-ਵੱਖ ਮੰਤਰੀਆਂ ਵਲੋਂ ਸੂਬੇ ਭਰ ਵਿਚ ਵੱਖ-ਵੱਖ ਥਾਵਾਂ ਰੋਸ ਪ੍ਰਦਰਸ਼ਨ ਕੀਤੇ ਗਏ ।
- ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ, ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਲੂ ਚਲਣ ਦੇ ਮੱਦੇਨਜ਼ਰ, ਪੰਜਾਬ

ਸਮੇਤ 11 ਸੂਬਿਆਂ ਨੂੰ ਲੋਕਾਂ ਦੀ ਸੁਰੱਖਿਆ ਲਈ ਤੁਰੰਤ ਅਗਾਊਂ ਉਪਾਅ ਕਰਨ ਲਈ ਕਿਹਾ।

- ਅੱਜ ਵਿਸ਼ਵ ਮਜ਼ਦੂਰ ਦਿਵਸ ਮਨਾਇਆ ਜਾ ਰਿਹਾ ਏ- ਸੂਬੇ ਭਰ ਵਿਚ ਜਾਗਰੂਕਤਾ ਸਮਾਗਮਾਂ ਦਾ ਆਯੋਜਨ।
- ਚੰਡੀਗੜ੍ਹ ਵਿੱਚ ਕੱਲ੍ਹ ਦੂਜੀ ਇੰਡੀਅਨ ਓਪਨ ਰੀਲੇਅ ਚੈਂਪੀਅਨਸ਼ਿਪ ਵਿੱਚ ਚੋਟੀ ਦੇ ਦੌੜਾਕਾਂ ਨੇ ਮਰਦਾ ਦੀ 4x100 ਮੀਟਰ ਰਿਲੇਅ ਦੌੜ ਵਿੱਚ ਨਵਾਂ ਰਾਸ਼ਟਰੀ ਰਿਕਾਰਡ ਕਾਇਮ ਕੀਤਾ ਏ।

--------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਮੁੰਬਈ ਦੇ 'ਜੀਓ ਵਰਲਡ ਕਨਵੈਨਸ਼ਨ ਸੈਂਟਰ ਵਿਖੇ, ਪਹਿਲੇ ਵਿਸ਼ਵ Audio Visual Entertainment ਸੰਮੇਲਨ (WAVES) ਦਾ ਉਦਘਾਟਨ ਕੀਤਾ। ਇਸ ਮੌਕੇ ਸ਼੍ਰੀ ਮੋਦੀ ਨੇ ਕਿਹਾ ਕਿ WAVES ਦਾ ਅਰਥ ਸਭਿਆਚਾਰ, ਰਚਨਾਤਮਕਤਾ ਅਤੇ ਵਿਸ਼ਵ ਨਾਲ ਜੁੜਨ ਦੀ ਲਹਿਰ ਏ। ਓਹਨਾਂ

ਕਿਹਾ ਕਿ ਇਹ ਇੱਕ ਆਲਮੀ ਮੰਚ ਏ ਜੋ ਕਲਾਕਾਰਾਂ ਅਤੇ ਰਚਨਾਕਾਰਾਂ ਦੇ ਨਿਵੇਕਲੇ ਵਿਚਾਰਾਂ ਨੂੰ ਉਤਸ਼ਾਹਿਤ ਕਰੇਗਾ।

***ਪੇਸ਼ ਏ ਇੱਕ ਰਿਪੋਰਟ -ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ WAVES 2025 ਦਾ ਉਦਘਾਟਨ ਕੀਤਾ. ਇਸ ਉਦਘਾਟਨੀ ਸਮਾਗਮ ਵਿਚ ਦੇਸ਼ - ਵਿਦੇਸ਼ ਤੋਂ ਉਘੀਆਂ ਸ਼ਖਸ਼ੀਅਤਾਂ ਨੇ ਸ਼ਿਰਕਤ ਕੀਤੀ. ਆਪਣੇ ਸੰਬੋਧਨ'ਚ, ਵੇਵਜ਼ ਸੰਮੇਲਨ ਨੂੰ ਭਾਰਤ ਦੀਆਂ ਰਚਨਾਤਮਕ ਸ਼ਕਤੀਆਂ ਨੂੰ ਉਜਾਗਰ ਕਰਨ ਵਾਲਾ ਇੱਕ ਆਲਮੀ ਮੰਚ ਦੱਸਦਿਆਂ ਸ੍ਰੀ ਮੋਦੀ ਨੇ ਕਿਹਾ ਕਿ, ਵੇਵਜ਼ ਵਿਸ਼ਵ ਪੱਧਰ'ਤੇ ਧਿਆਨ ਖਿੱਚ ਰਿਹਾ ਏ ਕਿਉਂਕਿ 100 ਤੋਂ ਵੱਧ ਦੇਸ਼ਾਂ ਦੇ ਕਲਾਕਾਰ, ਕਾਢਕਾਰ, ਨਿਵੇਸ਼ਕ ਅਤੇ ਨੀਤੀ ਘਾੜੇ ਇੱਕ ਛੱਤ ਹੇਠ ਇਕੱਠੇ ਹੋਏ ਨੇ.ਓਹਨਾਂ ਇਹ ਵੀ ਕਿਹਾ ਕਿ ਇਹ CREAT IN INDIA , CREAT FOR THE WORLD ਲਈ ਸਹੀ ਸਮਾਂ ਏ -***

***BYTE - PM CREATE IN INDIA 29 sec***

***ਸੂਚਨਾ ਅਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਨੇ ਵੀ ਅੱਜ (ਵੇਵਜ਼) 2025 ਦੇ ਉਦਘਾਟਨੀ ਸੈਸ਼ਨ ਨੂੰ ਸੰਬੋਧਨ ਕੀਤਾ ਤੇ ਕਿਹਾ ਕਿ ਇਹ ਸੰਮੇਲਨ ਰਚਨਾਕਾਰਾਂ ਨੂੰ ਇੱਕ ਆਲਮੀ ਮੰਚ ਪ੍ਰਦਾਨ ਕਰੇਗਾ -***

***BYTE - ASHWINI VAISHNAV - 16 sec***

***ਅੱਜ ਪਹਿਲੇ ਦਿਨ WAVES ਸੰਮੇਲਨ 'ਚ ਫਿਲਮ ਜਗਤ ਦੇ ਨਾਲ ਨਾਲ ਮਨੋਰੰਜਨ ਖੇਤਰ ਦੀਆਂ ਕਈ ਸ਼ਖਸ਼ੀਅਤਾਂ ਨੇ ਵਖ - ਵਖ ਵਿਸ਼ਿਆਂ 'ਤੇ ਸੈਸ਼ਨਾਂ 'ਚ ਆਪਣੇ ਵਿਚਾਰ ਸਾਂਝੇ ਕੀਤੇ ਜਿਹਨਾਂ 'ਚ ਡਿਜੀਟਲ ਯੁੱਗ ਵਿੱਚ ਪ੍ਰਸਾਰਣ ਨੂੰ ਨੇਮਬਧ ਕਰਨਾ: ਮੁੱਖ ਢਾਂਚੇ ਅਤੇ ਚੁਣੌਤੀਆਂ ਵਿਸ਼ੇ 'ਤੇ ਇੱਕ ਸੈਸ਼ਨ ਅਤੇ ਉਘੇ ਫਿਲਮ ਨਿਰਮਾਤਾ ਤੇ ਇੱਕ ਸੱਚੇ ਰਾਸ਼ਟਰਵਾਦੀ ਮਨੋਜ ਕੁਮਾਰ ਦੀ ਯਾਦ ਵਿਚ ਹੋਇਆ ਇੱਕ SESSIONS ਵੀ ਸ਼ਾਮਿਲ ਸੀ.ਰਾਜੇਸ਼ ਬਾਲੀ, ਆਕਾਸ਼ਵਾਣੀ ਖਬਰਾਂ, ਜਲੰਧਰ.***

---

ਹਰਿਆਣਾ ਨੂੰ ਭਾਖੜਾ ਬਿਆਸ ਪ੍ਰਬੰਧਨ ਬੋਰਡ BBMB ਵਲੋਂ ਦਿੱਤੇ ਜਾਣ ਵਾਲੇ ਪਾਣੀ ਦੇ ਮੁੱਦੇ ਨੂੰ ਲੈਕੇ ਪੰਜਾਬ ਸਰਕਾਰ ਦੇ ਵੱਖ ਵੱਖ

ਮੰਤਰੀਆਂ ਅਤੇ ਹੋਰਨਾਂ ਮੈਂਬਰਾਂ ਵਲੋਂ, ਪਠਾਨਕੋਟ, ਮੋਹਾਲੀ, ਰੋਪੜ, ਬਠਿੰਡਾ, ਜਲੰਧਰ ਅਤੇ ਪਟਿਆਲਾ ਸਮੇਤ ਸੂਬੇ ਭਰ ਵਿਚ ਵੱਖ-ਵੱਖ ਥਾਵਾਂ ਰੋਸ ਪ੍ਰਦਰਸ਼ਨ ਕੀਤੇ ਗਏ । ਉਨ੍ਹਾਂ ਕਿਹਾ ਕਿ ਹਰਿਆਣਾ ਨੂੰ ਉਸਦੇ ਬਣਦੇ ਪਾਣੀ ਤੋਂ ਵੱਧ, ਪਾਣੀ ਦੀ ਇਕ ਵੀ ਬੂੰਦ ਨਹੀਂ ਦਿੱਤੀ ਜਾਵੇਗੀ। ਓਧਰ ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਏ ਕਿ ਹਰਿਆਣਾ ਸਰਕਾਰ ਨੇ ਪੰਜਾਬ ਪਾਸੋਂ ਆਪਣੀ ਅਸਲ ਲੋੜ ਤੋਂ ਢਾਈ ਗੁਣਾ ਵੱਧ ਪਾਣੀ ਮੰਗਿਆ ਏ। ਉਨ੍ਹਾਂ ਕਿਹਾ ਕਿ ਕੁਝ ਦਿਨ ਪਹਿਲਾਂ ਹਰਿਆਣਾ ਨੇ ਇਹ ਤਰਕ ਦਿੰਦਿਆਂ ਕਿ ਇਸ ਪਾਣੀ ਨਾਲ ਗੁਜ਼ਾਰਾ ਨਹੀਂ ਹੁੰਦਾ, ਜਿਸ ਕਰਕੇ ਸੂਬੇ ਨੂੰ ਰੋਜ਼ਾਨਾ 8500 ਕਿਊਸਿਕ ਪਾਣੀ ਦੀ ਹੋਰ ਲੋੜ ਏ। ਮੁੱਖ ਮੰਤਰੀ ਨੇ ਕਿਹਾ ਕਿ ਇਸ ਤੋਂ ਸਿੱਧ ਹੁੰਦਾ ਏ ਕਿ ਇਹ ਪਾਣੀ ਸਿੰਚਾਈ ਮੰਤਵ ਲਈ ਚਾਹੀਦਾ ਏ ਅਤੇ ਇਹ ਸਮੱਸਿਆ ਵੀ ਇਸ ਕਰਕੇ ਪੈਦਾ ਹੋਈ ਏ ਕਿਉਂਕਿ ਹਰਿਆਣਾ ਨੇ ਆਪਣੇ ਪਾਣੀ ਦੀ ਵਰਤੋਂ ਸਹੀ ਢੰਗ ਨਾਲ ਨਹੀਂ ਕੀਤੀ। ਇਸ ਦੌਰਾਨ ਇਹ ਵੀ ਪਤਾ ਲਗਿਆ ਕਿ BBMB ਦੋ ਅਧਿਕਾਰੀਆਂ ਦੇ ਤਬਾਦਲੇ ਵੀ ਕਰ ਦਿੱਤੇ ਗਏ ਨੇ। ਓਧਰ ਕੇਂਦਰੀ ਰੇਲ ਤੇ ਖੁਰਾਕ ਪ੍ਰੋਸੈਸਿੰਗ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ, ਪੰਜਾਬ ਦੇ

ਮੁੱਖ ਮੰਤਰੀ ਭਗਵੰਤ ਮਾਨ ਦੀ ਆਲੋਚਨਾ ਕਰਦਿਆਂ ਕਿਹਾ ਕਿ ਉਹ, ਦਰਿਆਵਾਂ ਦੇ ਪਾਣੀ ਦੇ ਮਸਲੇ ਨੂੰ ਰਾਜਨੀਤਕ ਫਾਇਦੇ ਲਈ ਨਾਟਕੀ ਢੰਗ ਨਾਲ ਉਛਾਲ ਰਹੇ ਨੇ। ਉਨ੍ਹਾਂ ਪੰਜਾਬ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਭਾਖੜਾ ਬਿਆਸ ਪ੍ਰਬੰਧਨ ਬੋਰਡ (BBMB) ਵਲੋਂ ਪੰਜਾਬ ਦੇ ਹੱਕ ਦਾ ਇਕ ਵੀ ਬੂੰਦ ਪਾਣੀ ਨਹੀਂ ਦਿੱਤਾ ਜਾਵੇਗਾ। ਇਕ ਬਿਆਨ ਵਿਚ, ਸ੍ਰੀ ਬਿੱਟੂ ਨੇ ਕਿਹਾ ਉਨ੍ਹਾਂ ਨੇ BBMB ਦੇ ਚੇਅਰਮੈਨ ਨਾਲ ਸਿੱਧੀ ਗੱਲ ਕੀਤੀ ਏ ਅਤੇ ਉਨ੍ਹਾਂ ਪੱਕੀ ਸੂਚਨਾ ਦਿੱਤੀ ਏ ਕਿ ਪੰਜਾਬ ਦੇ ਹਿੱਸੇ ਤੋਂ ਕੋਈ ਵਾਧੂ ਪਾਣੀ ਜਾਰੀ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਦੱਸਿਆ ਕਿ ਪੰਜਾਬ ਤੇ ਹਰਿਆਣਾ ਵਿਚਕਾਰ ਪਾਣੀ ਸੰਬੰਧੀ ਵਿਵਾਦ ਪਹਿਲਾਂ ਹੀ ਸੁਪਰੀਮ ਕੋਰਟ ਵਿਚ ਲੰਬਿਤ ਏ ਅਤੇ ਜੇਕਰ ਹਰਿਆਣਾ ਨੂੰ ਵਧੀਕ ਪਾਣੀ ਚਾਹੀਦਾ ਏ ਤਾਂ ਉਹ ਅਦਾਲਤ ਦਾ ਰੁਖ ਕਰ ਸਕਦਾ ਏ। ਓਹਨਾ ਕਿਹਾ ਕਿ ਇੱਕ ਕੇਂਦਰੀ ਮੰਤਰੀ ਹੋਣ ਦੇ ਨਾਤੇ ਉਹ ਯਕੀਨ ਦਿਵਾਉਂਦੇ ਨੇ ਕਿ BBMB ਵਲੋਂ ਪੰਜਾਬ ਦਾ ਹੱਕੀ ਪਾਣੀ ਕਿਸੇ ਹਾਲਤ 'ਚ ਨਹੀਂ ਦਿੱਤਾ ਜਾਵੇਗਾ।

-------------------------------------------------------

ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਗਰਮੀ ਦੇ ਮੌਸਮ ਦੌਰਾਨ ਲੂ ਚਲਣ ਦੇ ਮੱਦੇਨਜ਼ਰ, ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ (NHRC) ਨੇ ਪੰਜਾਬ ਸਮੇਤ 11 ਸੂਬਿਆਂ ਨੂੰ ਓਹਨਾਂ ਲੋਕਾਂ ਦੀ ਸੁਰੱਖਿਆ ਲਈ ਤੁਰੰਤ ਅਗਾਊਂ ਉਪਾਅ ਕਰਨ ਲਈ ਕਿਹਾ ਏ ਜਿਹਨਾਂ ਨੂੰ ਲੂ ਤੋਂ ਜੋਖਮ ਦਰਪੇਸ਼ ਏ। ਕਮਿਸ਼ਨ ਨੇ ਰਾਜਾਂ ਨੂੰ, ਖਾਸ ਕਰਕੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ, ਖੁਲੇ ‘ਚ ਕੰਮ ਕਰਨ ਵਾਲੇ ਕਾਮਿਆਂ, ਬਜ਼ੁਰਗਾਂ, ਬਚਿਆਂ ਅਤੇ ਬੇਘਰ ਲੋਕਾਂ, ਜਿਹਨਾਂ ਨੂੰ ਢੁਕਵੇਂ ਆਸਰੇ ਅਤੇ ਵਸੀਲਿਆਂ ਦੀ ਘਾਟ ਕਾਰਨ ਜੋਖਮ ਦਰਪੇਸ਼ ਏ ਲਈ ਸੁਰੱਖਿਆ ਉਪਾਅ ਕਰਨ ਦੀ ਜ਼ਰੂਰਤ ਏ, ਇਨ੍ਹਾਂ ਸੂਬਿਆਂ ਵਿੱਚ ਪੰਜਾਬ ਦੇ ਨਾਲ – ਨਾਲ, ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਪੱਛਮੀ ਬੰਗਾਲ, ਓਡੀਸ਼ਾ, ਆਂਧਰਾ ਪ੍ਰਦੇਸ਼, ਤੇਲੰਗਾਨਾ, ਮਹਾਰਾਸ਼ਟਰ ਅਤੇ ਰਾਜਸਥਾਨ ਸ਼ਾਮਲ ਨੇ। ਕਮਿਸ਼ਨ ਨੇ 11 ਸੂਬਿਆਂ ਦੇ ਮੁੱਖ ਸਕੱਤਰਾਂ ਨੂੰ ਲਿਖੇ ਆਪਣੇ ਪੱਤਰ ਵਿੱਚ ਆਸਰਾ ਸਥਾਨਾਂ ਦੀ ਵਿਵਸਥਾ, ਰਾਹਤ ਸਮੱਗਰੀ ਦੀ ਸਪਲਾਈ, ਕੰਮ ਦੇ ਘੰਟਿਆਂ ਵਿੱਚ ਸੋਧ ਅਤੇ ਗਰਮੀ ਨਾਲ ਸਬੰਧਤ ਬਿਮਾਰੀਆਂ ਦੇ

ਇਲਾਜ ਲਈ ਮਿਆਰੀ ਪ੍ਰਕਿਰਿਆਵਾਂ ਦੀ ਉਪਲਬਧਤਾ ਦੀ ਮੰਗ ਕੀਤੀ ਏ। NHRC ਨੇ ਇਨ੍ਹਾਂ ਸੂਬਿਆਂ ਨੂੰ ਲੂ ਦੇ ਪ੍ਰਭਾਵ ਨੂੰ ਘਟਾਉਣ ਲਈ ਮੌਜੂਦਾ ਮਿਆਰੀ ਸੰਚਾਲਨ ਵਿਧੀਆਂ (SOPs) ਜਾਂ ਆਫਤਾਂ ਸਮੇਂ ਪ੍ਰਬੰਧ ਬਾਰੇ ਰਾਸ਼ਟਰੀ ਅਥਾਰਟੀ (NDMA) ਵੱਲੋਂ ਰਾਜਾਂ ਨੂੰ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲੂ ਦੇ ਸ਼ਿਕਾਰ ਲੋਕਾਂ ਦੇ ਜੀਵਨ ਦੀ ਰੱਖਿਆ ਲਈ ਕੀਤੀ ਗਈ ਕਾਰਵਾਈ ਰਿਪੋਰਟਾਂ ਜਮ੍ਹਾਂ ਕਰਾਉਣ ਲਈ ਵੀ ਕਿਹਾ ਏ।

-----------------------------------------------------------

ਅੱਜ ਵਿਸ਼ਵ ਮਜ਼ਦੂਰ ਦਿਵਸ ਏ। ਮਜ਼ਦੂਰ ਅੰਦੋਲਨਾਂ ਦੇ ਵੱਖ-ਵੱਖ ਦੇਸ਼ਾਂ ਦੀ ਆਰਥਿਕਤਾ ਵਿਚ ਕਾਮਿਆਂ ਦੇ ਯੋਗਦਾਨ ਨੂੰ ਮਾਣਤਾ ਦੇਣ ਲਈ ਹਰ ਸਾਲ ਪਹਿਲੀ ਮਈ ਨੂੰ ਮਜ਼ਦੂਰ ਦਿਵਸ ਮਨਾਇਆ ਜਾਂਦਾ ਏ । ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵਿਸ਼ਵ ਮਜ਼ਦੂਰ ਦਿਵਸ 'ਤੇ ਦੇਸ਼ ਦੇ ਸਾਰੇ ਮਜ਼ਦੂਰਾਂ ਨੂੰ ਵਧਾਈ ਦਿੱਤੀ ਏ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਅਮਿਤ ਸ਼ਾਹ ਨੇ ਕਿਹਾ ਕਿ ਵਿਕਸਤ ਭਾਰਤ ਦੇ ਸੁਪਨੇ ਨੂੰ ਪੂਰਾ ਕਰਨ ਲਈ ਦਿਨ-ਰਾਤ ਮਿਹਨਤ ਕਰਨ ਵਾਲੇ ਮਜ਼ਦੂਰ ਆਪਣੀ ਮਿਹਨਤ ਅਤੇ ਲਗਨ ਨਾਲ ਲੋਕਾਂ ਦੀ ਜ਼ਿੰਦਗੀ ਨੂੰ ਆਸਾਨ ਬਣਾ ਰਹੇ ਨੇ ਅਤੇ

ਆਰਥਿਕਤਾ ਨੂੰ ਮਜ਼ਬੂਤ ਕਰ ਰਹੇ ਨੇ। ਮਜ਼ਦੂਰਾਂ ਨੂੰ ਰਾਸ਼ਟਰ ਨਿਰਮਾਣ ਦੇ ਮਜ਼ਬੂਤ ਥੰਮ੍ਹ ਦੱਸਦਿਆਂ , ਅਮਿਤ ਸ਼ਾਹ ਨੇ ਭਰੋਸਾ ਦਿੱਤਾ ਕਿ ਸਰਕਾਰ, ਮਜ਼ਦੂਰਾਂ ਦੀ ਭਲਾਈ ਅਤੇ ਖੁਸ਼ਹਾਲੀ ਲਈ ਵਚਨਬੱਧ ਏ ।

---------------------------------------------------------

ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਅੱਜ ਕੌਮਾਂਤਰੀ ਮਜ਼ਦੂਰ ਦਿਵਸ ਮੌਕੇ ਕਿਰਤੀਆਂ, ਕਾਮਿਆਂ, ਮਜ਼ਦੂਰਾਂ ਨੂੰ ਮੁਬਾਰਕਬਾਦ ਦਿੱਤੀ ਏ । ਕੈਬਨਿਟ ਮੰਤਰੀ ਨੇ ਕਿਹਾ ਕਿ ਕਿਸੇ ਵੀ ਦੇਸ਼ ਅਤੇ ਸਮਾਜ ਵਿੱਚ ਮਜ਼ਦੂਰਾਂ, ਕਿਰਤੀਆਂ ਦਾ ਯੋਗਦਾਨ ਬਹੁਤ ਅਹਿਮ ਹੁੰਦਾ ਏ । ਉਨ੍ਹਾਂ ਕਿਹਾ ਕਿ ਮਜ਼ਦੂਰ ਸਮਾਜ ਦੇ ਬੁਨਿਆਦੀ ਢਾਂਚੇ ਨੂੰ ਯਕੀਨੀ ਬਣਾਉਂਦੇ ਹਨ, ਉਤਪਾਦਨ ਦਾ ਸੰਚਾਲਨ ਕਰਦੇ ਨੇ, ਜੋ ਕਿਸੇ ਵੀ ਦੇਸ਼ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਲਈ ਅਤਿ ਲੋੜੀਂਦਾ ਏ । ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮਜ਼ਦੂਰਾਂ, ਕਿਰਤੀਆਂ, ਕਾਮਿਆਂ ਦੀ ਸਖ਼ਤ ਮਿਹਨਤ ਅਤੇ ਸਮਰਪਣ ਦੀ ਪੂਰੀ ਕਦਰ ਕਰਦੀ ਏ ਅਤੇ ਉਨ੍ਹਾਂ ਦੀ

ਭਲਾਈ ਲਈ ਦ੍ਰਿੜ ਵਚਨਬੱਧ ਏ। ਇਸ ਮੌਕੇ ਪੰਜਾਬ ਭਰ ਵਿਚ ਵੱਖ ਵੱਖ ਪ੍ਰੋਗਰਾਮ ਕਰਵਾਏ ਗਏ । ਬਠਿੰਡਾ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਠਿੰਡਾ ਦੀ ਰਹਿਨਮਾਈ ਹੇਠ ਸੈਮੀਨਰ ਬਠਿੰਡਾ ਚੈਬਰਜ ਆਫ ਕਾਮਰਸ ਦੇ ਸਹਿਯੋਗ ਨਾਲ ਸਥਾਨਕ ਸਨਅਤੀ ਵਿਕਾਸ ਕੇਂਦਰ ਵਿੱਚ ਕੌਮਾਂਤਰੀ ਮਜ਼ਦੂਰ ਦਿਵਸ ਮਨਾਇਆ

ਗਿਆ। ਇਸ ਮੌਕੇ ਮੁਖ ਨਿਆਂਇਕ ਮੈਜਿਸਟਰੇਟ ਬਲਜਿੰਦਰ ਕੌਰ ਮਾਨ ਨੇ ਮਜ਼ਦੂਰਾਂ ਨੂੰ ਕਿਸੇ ਕਿਸਮ ਦੀ ਮੁਸ਼ਕਿਲ ਆਉਂਦੀਏ  ਤਾਂ ਉਹ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਟੋਲ ਫ੍ਰੀ ਨੰਬਰ 15100 'ਤੇ ਸੰਪਰਕ ਕਰ ਸਕਦੇ ਨੇ । ਇਸ ਮੌਕੇ ਉਨ੍ਹਾਂ ਨੂੰ ਨਾਲਸਾ ਅਤੇ ਪਲਸਾ ਦੀਆਂ ਯੋਜਨਾਵਾਂ ਬਾਰੇ ਵੀ ਵਿਸਥਾਰਪੂਰਕ ਜਾਣੂੰ ਕਰਵਾਇਆ ਗਿਆ। ਓਧਰ ਮੋਹਾਲੀ ਸਥਿਤ ਡਾ. ਬੀ.ਆਰ. ਅੰਬੇਡਕਰ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼) ਨੇ ਆਪਣੇ ਕਰਮਚਾਰੀਆਂ ਦੇ ਬੇਮਿਸਾਲ ਯੋਗਦਾਨ ਦਾ ਸਨਮਾਨ ਕੀਤਾ। ਡਾਇਰੈਕਟਰ ਪ੍ਰਿੰਸੀਪਲ, ਡਾ. ਭਵਨੀਤ ਭਾਰਤੀ ਨੇ ਸਟਾਫ ਨਾਲ ਗੱਲਬਾਤ ਕੀਤੀ, ਉਨ੍ਹਾਂ ਦੇ ਤਜ਼ਰਬਿਆਂ ਅਤੇ ਚੁਣੌਤੀਆਂ ਨੂੰ ਸੁਣਿਆ।

---------------------------------------------------

ਸੰਭਾਵੀ ਦਹਿਸ਼ਤਗਰਦੀ ਹਮਲੇ ਨੂੰ ਰੋਕਣ ਲਈ, ਸੀਮਾ ਸੁਰੱਖਿਆ ਬਲ ਅਤੇ ਪੰਜਾਬ ਪੁਲਿਸ ਨੇ ਇੱਕ ਸਾਂਝੇ ਆਪ੍ਰੇਸ਼ਨ ਵਿੱਚ, ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਭਾਰੋਪਾਲ ਦੇ ਨੇੜੇ ਹਥਿਆਰਾਂ, ਗੋਲਾ ਬਾਰੂਦ ਅਤੇ ਗ੍ਰਨੇਡਾਂ ਦੀ ਇੱਕ ਵੱਡੀ ਖੇਪ ਬਰਾਮਦ ਕੀਤੀ ਏ । ਇਸ ਆਪ੍ਰੇਸ਼ਨ ਦੌਰਾਨ 2 ਹੈਂਡ ਗ੍ਰਨੇਡ, 3 ਪਿਸਤੌਲਾਂ, 6 ਮੈਗਜ਼ੀਨਾਂ ਅਤੇ 50 ਅਣਚੱਲੇ ਕਾਰਤੂਸ ਬਰਾਮਦ ਕੀਤੇ ਗਏ ਨੇ, ਇਨਾ ਨੂੰ ਪੁਲਿਸ ਨੂੰ ਸੌਂਪ ਦਿੱਤਾ ਗਿਆ । ਅੰਮ੍ਰਿਤਸਰ ਪੁਲਿਸ ਦੇ ਕਾਊਂਟਰ ਇੰਟੈਲੀਜੈਂਸ ਵਿੰਗ ਨੇ ਜੱਸਾ ਅਤੇ ਉਸਦੇ ਵਿਦੇਸ਼ ਅਧਾਰਿਤ ਸਾਥੀਆਂ ਵਲੋਂ ਚਲਾਏ ਜਾ ਰਹੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਇੱਕ ਅੰਤਰ-ਰਾਸ਼ਟਰੀ ਨੈੱਟਵਰਕ ਦਾ ਪਰਦਾਫਾਸ਼ ਕੀਤਾ, ਜਿਸਦੇ ਪਾਕਿਸਤਾਨ-ਅਧਾਰਤ ਤਸਕਰਾਂ ਨਾਲ ਸਬੰਧ ਸਨ। ਮੁੱਢਲੀ ਜਾਂਚ ਤੋਂ ਪਤਾ ਲੱਗਾ ਏ ਕਿ ਜੱਸਾ ਅਤੇ ਉਸਦੇ ਵਿਦੇਸ਼ੀ ਸਾਥੀਆਂ ਨੇ ਆਪਣੇ ਭਾਰਤ-ਅਧਾਰਤ ਸਾਥੀ ਜੋਧਬੀਰ, ਜੋ ਕਿ ਅੰਮ੍ਰਿਤਸਰ ਦਾ ਰਹਿਣ ਵਾਲਾ ਏ, ਨਾਲ ਸਬੰਧ ਸਥਾਪਿਤ ਕੀਤੇ ਨੇ ਜੋ ਹੈਰੋਇਨ ਦੀ ਖੇਪ ਪ੍ਰਾਪਤ ਕਰਦਾ ਸੀ ਅਤੇ ਉਨ੍ਹਾਂ ਨੂੰ ਭਾਰਤ ਭਰ ਵਿੱਚ ਵੱਖ-ਵੱਖ ਥਾਵਾਂ 'ਤੇ

ਵੰਡਦਾ ਸੀ। ਉਹ ਨਸ਼ੀਲੇ ਪਦਾਰਥਾਂ ਦੀ ਕਮਾਈ ਵੀ ਇਕੱਠੀ ਕਰਦਾ ਸੀ ਅਤੇ ਹਵਾਲਾ ਚੈਨਲਾਂ ਰਾਹੀਂ ਪਾਕਿਸਤਾਨ ਭੇਜਦਾ ਸੀ। ਪੁਲਿਸ ਨੇ ਛਾਪਾ ਮਾਰਿਆ ਅਤੇ 5 ਕਿਲੋ ਹੈਰੋਇਨ, ਕਰੰਸੀ ਗਿਣਨ ਵਾਲੀ ਇਕ ਮਸ਼ੀਨ ਅਤੇ ਕੁਝ ਹੋਰ ਸਮੱਗਰੀ ਜ਼ਬਤ ਕੀਤੀ ਏ । ਉਸਨੂੰ ਗ੍ਰਿਫ਼ਤਾਰ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਨੇ ।

--------------------------------------------------------

ਆਕਾਸ਼ਵਾਣੀ ਪਟਿਆਲਾ ਅੱਜ ਆਪਣਾ 34ਵਾਂ ਸਥਾਪਨਾ ਦਿਵਸ ਮਨਾ ਰਿਹਾ ਏ । ਪਹਿਲੀ ਮਈ 1992 ਨੂੰ ਅੱਜ ਦੇ ਹੀ ਦਿਨ ਪਹਿਲੀ ਵਾਰ, ਆਕਾਸ਼ਵਾਣੀ ਪਟਿਆਲਾ ਤੋਂ ਪ੍ਰਸਾਰਣ ਹੋਇਆ ਸੀ। ਸ੍ਰੀ ਐਮ.ਐਲ. ਮਨਚੰਦਾ ਆਕਾਸ਼ਵਾਣੀ ਪਟਿਆਲਾ ਦੇ ਪਹਿਲੇ ਸਟੇਸ਼ਨ ਇੰਜੀਨੀਅਰ ਸਨ, ਜਿਹਨਾਂ ਨੇ ਦਹਿਸ਼ਤਗਰਦੀ ਦੇ ਉਸ ਦੌਰ ਦੌਰਾਨ, ਆਕਾਸ਼ਵਾਣੀ ਪਟਿਆਲਾ ਦੀ ਵਾਗਡੋਰ ਸੰਭਾਲੀ ਤੇ ਆਪਣੀ ਜ਼ਿੰਦਗੀ ਆਕਾਸ਼ਵਾਣੀ ਤੋਂ ਕੁਰਬਾਨ ਕਰ ਦਿੱਤੀ । ਇਸ ਮੌਕੇ ਗੱਲ ਕਰਦਿਆਂ ਆਕਾਸ਼ਵਾਣੀ ਪਟਿਆਲਾ ਦੇ (DDE) ਇੰਜੀਨੀਅਰਿੰਗ ਵਿਭਾਗ ਦੇ ਮੁਖੀ  ਅਮਰ ਨਾਥ, ਪ੍ਰੋਗਰਾਮ ਮੁਖੀ ਸ਼ਹਿਨਾਜ਼ ਜੌਲੀ ਕੌੜਾ, ਪ੍ਰੋਗਰਾਮ ਆਫਿਸਰ ਸ਼ੁਕੀਨ

ਮੁਹੰਮਦ ਤੇ ਮਹਿੰਦਰ ਮੋਹਨ ਸ਼ਰਮਾ ਨੇ ਕਿਹਾ ਕਿ ਆਕਾਸ਼ਵਾਣੀ ਪਟਿਆਲਾ ਦੀ ਸਾਰੀ ਟੀਮ, ਸਰੋਤਿਆਂ ਤੱਕ ਲਗਾਤਾਰ ਜਾਣਕਾਰੀ ਅਤੇ ਮਨੋਰੰਜਨ ਦੇ ਪ੍ਰੋਗਰਾਮ ਮੁਹਈਆ ਕਰਵਾਉਣ ਲਈ ਵਚਨਬੱਧ ਏ। ਓਹਨਾਂ ਕਿਹਾ ਕਿ ਮਹਿਲਾ ਸ਼ਕਤੀਕਰਨ ਲਈ ਔਰਤਾਂ ਲਈ ਰੋਜ਼ਾਨਾ ਪ੍ਰੋਗਰਾਮ ਨਾਰੀ ਲੋਕ ਪੇਸ਼ ਕੀਤਾ ਜਾਂਦਾ ਏ। ਇਸੇ ਤਰ੍ਹਾਂ ਕਿਸਾਨ ਵੀਰਾਂ ਤੇ ਭੈਣਾਂ ਲਈ ਪ੍ਰੋਗਰਾਮ ਕਿਸਾਨਵਾਣੀ ਪੇਸ਼ ਕੀਤਾ ਜਾਂਦਾ ਏ। ਹਫਤਾਵਾਰੀ ਪ੍ਰੋਗਰਾਮ ਰੇਡੀਓ OPD ਨੂੰ ਵੀ ਸਾਰੇ ਸਰੋਤਿਆਂ ਵੱਲੋਂ ਬਹੁਤ ਪਸੰਦ ਕੀਤਾ ਜਾ ਰਿਹਾ ਏ। ਇਹ ਸਾਰੇ ਸਟਾਫ ਦੀ ਮਿਹਨਤ ਅਤੇ ਆਕਾਸ਼ਵਾਣੀ ਦੇ ਸਰੋਤਿਆਂ ਦੇ ਪਿਆਰ ਦਾ ਨਤੀਜਾ ਹੀ ਏ ਕਿ ਆਕਾਸ਼ਵਾਣੀ ਪੁਆਧੀ ਉਪ ਬੋਲੀ ਵਿੱਚ ਦੋ ਪ੍ਰੋਗਰਾਮ ਪੇਸ਼ ਕਰ ਰਿਹਾ ਏ, ਅਤੇ ਇਸੇ ਤਰ੍ਹਾਂ ਪ੍ਰੋਗਰਾਮ ਮਹਿਕ ਮਾਲਵੇ ਦੀ ਤਹਿਤ ਖੇਤਰੀ ਕਲਾਕਾਰਾਂ ਨੂੰ ਪ੍ਰਫੁੱਲਿਤ ਕਰਨ ਲਈ ਵੀ ਯਤਨਸ਼ੀਲ ਏ। ਆਕਾਸ਼ਵਾਣੀ ਪਟਿਆਲਾ ਲੋਕਲ ਚੈਨਲ ਹੋਣ ਦੇ ਬਾਵਜੂਦ ਲਾਈਵ ਸਟਰੀਮਿੰਗ ਐਪ ਨਿਊਜ ਓਨ ਏਆਈ ਆਰ ਅਤੇ ਸੋਸ਼ਲ ਮੀਡੀਆ ਜਿਵੇਂ ਯੂ ਟਿਊਬ ਅਤੇ ਫੇਸਬੁੱਕ ਤੇ ਵੀ ਲਾਈਵ

streaming ਕਰਦਾ ਏ। ਉਹਨਾਂ ਨੇ ਇਸ ਮੌਕੇ ਅਕਾਸ਼ਵਾਣੀ ਦੇ ਸਾਰੇ ਸਰੋਤਿਆਂ ਨੂੰ ਤਹਿ ਦਿਲੋਂ ਮੁਬਾਰਕਬਾਦ ਦਿੱਤੀ।

-------------------------------------------------------------

ਚੰਡੀਗੜ੍ਹ ਵਿੱਚ ਕੱਲ੍ਹ ਦੂਜੀ ਇੰਡੀਅਨ ਓਪਨ ਰੀਲੇਅ ਚੈਂਪੀਅਨਸ਼ਿਪ ਵਿੱਚ ਚੋਟੀ ਦੇ ਦੌੜਾਕ ਗੁਰਿੰਦਰਵੀਰ ਸਿੰਘ, ਅਨੀਮੇਸ਼ ਕੁਜੂਰ, ਮਣੀਕਾਂਤ ਹੋਬਲੀਧਰ ਅਤੇ ਅਮਲਾਨ ਬੋਰਗੋਹੇਨ ਦੀ ਟੀਮ ਨੇ ਮਰਦਾਂ ਦੀ 4x100 ਮੀਟਰ ਰਿਲੇਅ ਦੌੜ ਵਿੱਚ ਪਿਛਲਾ ਰਾਸ਼ਟਰੀ ਰਿਕਾਰਡ ਤੋੜ ਦਿੱਤਾ। ਟੀਮ ਨੇ 38.69 ਸਕਿੰਟ ਦਾ ਨਵਾਂ ਰਾਸ਼ਟਰੀ ਰਿਕਾਰਡ ਬਣਾਇਆ । 38.89 ਸਕਿੰਟ ਦਾ ਪਿਛਲਾ ਰਿਕਾਰਡ 2010 ਦੀਆਂ ਦਿੱਲੀ ਰਾਸ਼ਟਰਮੰਡਲ ਖੇਡਾਂ ਵਿੱਚ ਬਣਿਆ ਸੀ।

-------------------------------------------------------------

ਜੰਮੂ ਡਿਵੀਜ਼ਨ ਨੇ 16 ਨਵੰਬਰ ਤੋਂ ਜੰਮੂ ਯਾਰਡ ਰੀ-ਮਾਡਲਿੰਗ ਦੇ ਕੰਮ ਦੇ ਪੂਰਾ ਹੋਣ ਕਾਰਨ ਰੱਦ ਕੀਤੀਆਂ ਗਈਆਂ ਰੇਲ ਗੱਡੀਆਂ ਨੂੰ ਅੱਜ ਤੋਂ ਬਹਾਲ ਕਰ ਦਿੱਤਾ ਗਿਆ ਏ । ਇਨਾ ਵਿੱਚ ਜੰਮੂ - ਕਾਨਪੁਰ, ਜੰਮੂ - ਬਰੌਨੀ (ਹਫਤਾਵਾਰੀ), ਜੰਮੂ - ਯੋਗ ਨਗਰੀ ਰਿਸ਼ੀਕੇਸ਼ (ਹਫਤਾਵਾਰੀ),

ਅਤੇ ਜੰਮੂ - ਦਿੱਲੀ ਸਰਾਏ ਰੋਹਿਲਾ ਦੁਰੰਤੋ ਐਕਸਪ੍ਰੈਸ ਸ਼ਾਮਲ ਏ । ਰੇਲਵੇ ਸੂਤਰਾਂ ਨੇ ਦੱਸਿਆ ਏ ਕਿ ਇਸ ਤੋਂ ਇਲਾਵਾ, ਜੰਮੂ ਟਾਟਾਨਗਰ ਐਕਸਪ੍ਰੈਸ ਅਤੇ ਜੰਮੂ ਸੰਬਲਪੁਰ ਐਕਸਪ੍ਰੈਸ ਰੇਲ ਗੱਡੀਆਂ ਜੋ ਕਿ ਜੰਮੂ ਯਾਰਡ ਰੀ-ਮਾਡਲਿੰਗ ਕਾਰਨ ਅੰਮ੍ਰਿਤਸਰ ਤੋਂ ਚਲਾਈਆਂ ਜਾ ਰਹੀਆਂ ਸਨ, ਹੁਣ ਇਸ ਕੰਮ ਦੇ ਪੂਰਾ ਹੋਣ ਤੋਂ ਬਾਅਦ ਅੰਮ੍ਰਿਤਸਰ ਦੀ ਬਜਾਏ ਜੰਮੂ ਤਵੀ ਸਟੇਸ਼ਨ ਤੋਂ ਦੁਬਾਰਾ ਚਲਾਈਆਂ ਜਾਣਗੀਆਂ।

---------------------------------------------------------

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ - ਭਾਰਤ ਲਈ ਆਲਮੀ ਰਚਨਾਤਮਕਤਾ ਦੀ ਅਗਵਾਈ ਕਰਨ ਦਾ ਸਹੀ ਸਮਾਂ ਏ -ਉਨ੍ਹਾਂ ਮੁੰਬਈ ਵਿਖੇ, ਪਹਿਲੇ ਵਿਸ਼ਵ Audio Visual Entertainment ਸੰਮੇਲਨ (WAVES) ਦਾ ਉਦਘਾਟਨ ਕੀਤਾ ।
- ਭਾਖੜਾ ਬਿਆਸ ਪ੍ਰਬੰਧਨ ਬੋਰਡ ਵਲੋਂ ਹਰਿਆਣਾ ਨੂੰ ਦਿੱਤੇ ਜਾਣ ਵਾਲੇ ਪਾਣੀ ਦੇ ਮੁੱਦੇ ਨੂੰ ਲੈਕੇ, ਪੰਜਾਬ ਸਰਕਾਰ ਦੇ ਵੱਖ-ਵੱਖ ਮੰਤਰੀਆਂ ਵਲੋਂ ਸੂਬੇ ਭਰ ਵਿਚ ਵੱਖ-ਵੱਖ ਥਾਵਾਂ ਰੋਸ ਪ੍ਰਦਰਸ਼ਨ ਕੀਤੇ ਗਏ ।

- ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ, ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਲੂ ਚਲਣ ਦੇ ਮੱਦੇਨਜ਼ਰ, ਪੰਜਾਬ ਸਮੇਤ 11 ਸੂਬਿਆਂ ਨੂੰ ਲੋਕਾਂ ਦੀ ਸੁਰੱਖਿਆ ਲਈ ਤੁਰੰਤ ਅਗਾਊਂ ਉਪਾਅ ਕਰਨ ਲਈ ਕਿਹਾ।
- ਅੱਜ ਵਿਸ਼ਵ ਮਜ਼ਦੂਰ ਦਿਵਸ ਮਨਾਇਆ ਜਾ ਰਿਹਾ ਏ- ਸੂਬੇ ਭਰ ਵਿਚ ਜਾਗਰੂਕਤਾ ਸਮਾਗਮਾਂ ਦਾ ਆਯੋਜਨ।
- ਚੰਡੀਗੜ੍ਹ ਵਿੱਚ ਕੱਲ੍ਹ ਦੂਜੀ ਇੰਡੀਅਨ ਓਪਨ ਰੀਲੇਅ ਚੈਂਪੀਅਨਸ਼ਿਪ ਵਿੱਚ ਚੋਟੀ ਦੇ ਦੌੜਾਕਾਂ ਨੇ ਮਰਦਾ ਦੀ 4x100 ਮੀਟਰ ਰਿਲੇਅ ਦੌੜ ਵਿੱਚ ਨਵਾਂ ਰਾਸ਼ਟਰੀ ਰਿਕਾਰਡ ਕਾਇਮ ਕੀਤਾ ਏ।